ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਨਾਮਧਾਰੀ ਸਿੱਖ ਰਹਿਤ-ਮਰਯਾਦਾ

(ਸੰਖੇਪ ਰੂਪ ਵਿਚ)

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਨਾਮਧਾਰੀ ਸਿੱਖ ਰਹਿਤ-ਮਰਯਾਦਾ
(ਸੰਖੇਪ ਰੂਪ ਵਿਚ)

ਜੰਗਲ ਜਾਣ ਸਮੇਂ

- ਸਵਾ ਪਹਿਰ ਰਾਤ ਰਹਿੰਦੀ ਤੇ ਉਠ ਕੇ ਜੰਗਲ ਜਾਣਾ ਚਾਹੀਦਾ ਹੈ।
- ਜੰਗਲ ਜਾਣ ਸਮੇਂ ਜਲ ਨਾਲ ਭਰ ਕੇ ਗੜਵਾ ਜਾਂ ਘਟ ਤੋਂ ਘਟ ੨ ਲਿਟਰ ਵਾਲਾ ਬਰਤਨ ਜਲ ਨਾਲ ਭਰ ਕੇ ਨਾਲ ਲਿਜਾਣਾ ਚਾਹੀਦਾ ਹੈ ਅਤੇ ਸਾਰਾ ਹੀ ਜਲ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ ।
- ਜੰਗਲ ਜਾਂਦਿਆ ਜਾਂ ਬੈਠਿਆਂ ਦਾਤਨ ਨਹੀ ਕਰਨੀ ਅਤੇ ਨਾ ਹੀ ਕੋਈ ਚੀਜ਼ ਮੂੰਹ ਵਿਚ ਪਾਉਣੀ ।
- ਜੰਗਲ ਜਾਣ ਸਮੇਂ ਸਿਰ ਨੰਗਾ ਨਹੀ ਹੋਣਾ ਚਾਹੀਦਾ ।
- ਜੰਗਲ ਜਾਣ ਵਾਲੇ ਬਸਤਰ, ਆਮ ਪਹਿਨਣ ਵਾਲਿਆਂ ਬਸਤਰਾਂ ਤੋਂ ਅਲਹਿਦਾ ਹੋਣ ਜਾਂ ਫਿਰ ਉਹਨਾਂ ਨੂੰ ਧੋ ਕੇ ਪਾਇਆ ਜਾ ਸਕਦਾ ਹੈ ।
- ਜੇਕਰ ਬਸਤਰ ਲਾਹ ਕੇ ਸੁੱਚੀ ਚਾਦਰ ਲੈ ਕੇ ਜਾਇਆ ਜਾਵੇ ਤਾਂ ਇਹ ਅੰਮ੍ਰਿਤ ਵੇਲੇ ਹੀ ਜਾਣਾ ਚਾਹੀਦਾ ਹੈ ਤਾਂ ਕਿ ਮੱਖੀ ਆਦਿ ਚਾਦਰ ਤੇ ਬੈਠ ਕੇ ਇਸ ਨੂੰ ਅਪਵਿਤਰ ਨਾ ਕਰ ਦੇਵੇ ।

ਇਸ਼ਨਾਨ ਕਰਨ ਸਮੇਂ

੧. ਇਸ਼ਨਾਨ ਕਰਨ ਸਮੇਂ ਪਹਿਲਾਂ ਕੇਸਾਂ ਵਿਚ ਜਲ ਪਾਉਣਾ ਚਾਹੀਦਾ ਹੈ ।

੨. ਇਸ਼ਨਾਨ ਹਮੇਸ਼ਾਂ ਠੰਢੇ ਜਲ ਨਾਲ ਕਰਨਾ ਚਾਹੀਦਾ ਹੈ, ਜੇਕਰ ਸਰੀਰ ਕਮਜ਼ੋਰ ਹੋਵੇ ਜਾਂ ਸਰੀਰ ਨੂੰ ਠੰਢਾ ਜਲ ਨਾ ਸੁਖਾਵੇ ਤਾਂ ਕੋਸੇ ਜਾਂ ਨਿੱਘੇ ਜਿਹੇ ਜਲ ਨਾਲ ਇਸ਼ਨਾਨ ਕਰ ਲੈਣਾ ਚਾਹੀਦਾ ਹੈ।

੩. ਇਸ਼ਨਾਨ ਅੰਮ੍ਰਿਤ ਵੇਲੇ ਕਰਨਾ ਚਾਹੀਦਾ ਹੈ, ਅਤੇ ਇਸ਼ਨਾਨ ਕੀਤੇ ਬਗੈਰ ਕਦੀ ਵੀ ਅੰਨ ਜਲ ਨਹੀਂ ਛਕਣਾ ਚਾਹੀਦਾ ਹੈ । ਅਤੇ ਨਾ ਹੀ ਨਾਮ ਸਿਮਰਨ, ਜਾਂ ਗੁਰਬਾਣੀ ਦਾ ਪਾਠ ਕਰਨਾ ਚਾਹੀਦਾ ਹੈ।

੪. ਕਛਹਿਰਾ ਬਦਲਣ ਲਗਿਆਂ, ਸਿਰ ਢਕ ਕੇ, ਇਕ ਪਹੁੰਚਾ ਲਾਹ ਕੇ ਦੂਸਰਾ ਪਾਉਣਾ ਚਾਹੀਦਾ ਹੈ ।

੫. ਕਛਿਹਰੇ ਨੂੰ ਧੋ ਕੇ, ਵਲ ਕਢ ਕੇ ਸੁਕਾਉਣ ਲਈ ਪਾਉਣਾ ਚਾਹੀਦਾ ਹੈ । ਧੋਤਾ ਹੋਇਆ ਕਛਹਿਰਾ ਪੈਰਾਂ, ਲੱਤਾਂ, ਬਾਹਵਾਂ, ਮੂੰਹ ਤੇ ਛੋਹਣ ਨਹੀਂ ਦੇਣਾ ਚਾਹੀਦਾ ਹੈ ।

੬. ਕਛਹਿਰੇ ਦੇ ਪਓਂਚੇ ਤਿੰਨ ਉਂਗਲਾਂ ਗੋਡੇ ਤੋਂ ਉੱਚੇ ਹੋਣੇ ਚਾਹੀਦੇ ਹਨ ।

ਅਰਦਾਸ

੧. ਇਸ਼ਨਾਨ ਕਰਕੇ ਅਰਦਾਸ ਕਰ ਕੇ ਨਾਮ ਸਿਮਰਨ ਸ਼ੁਰੂ ਕਰਨਾ ਚਾਹੀਦਾ ਹੈ, ਅਤੇ ਸਮਾਪਤੀ ਤੇ ਵੀ ਅਰਦਾਸ ਕਰਨੀ ਚਾਹੀਦੀ ਹੈ।

੨. ਅਰਦਾਸ ਕਰ ਕੇ ਜਪੁ, ਜਾਪ, ਸ਼ਬਦ ਹਜ਼ਾਰੇ, ਤੇ ਸ਼ਬਦ ਹਜ਼ਾਰੇ ਪਾਤਸ਼ਾਹੀ ੧੦ਵੀਂ ਬਾਣੀਆਂ ਦਾ ਪਾਠ ਘਟੋ ਘਟ ਅੰਮ੍ਰਿਤ ਵੇਲੇ

ਕਰਨਾ ਚਾਹੀਦਾ ਹੈ । ਉਪਰੰਤ ਸਮਾਪਤੀ ਦੀ ਅਰਦਾਸ ਕਰਨੀ ਚਾਹੀਦੀ ਹੈ ।

੩. ਚੰਡੀ ਦੀ ਵਾਰ ਦਾ ਪਾਠ ਸੂਰਜ ਚੜਨ ਤੋਂ ਪਹਿਲਾਂ ਅਰੰਭ ਕਰਨਾ ਅਤੇ ਸੂਰਜ ਦੀ ਟਿੱਕੀ ਨਾਲ ਭੋਗ ਪਾ ਦੇਣਾ ਚਾਹੀਦਾ ਹੈ । ਇਸਦੀ ਅਰੰਭ ਅਤੇ ਸਮਾਪਤੀ ਦੀ ਅਰਦਾਸ ਅਲਗ ਤਰ੍ਹਾਂ ਦੀ ਹੈ ਤੇ ਇਸ ਨੂੰ ਸਿਖਣ ਤੋਂ ਵਗੈਰ ਚੰਡੀ ਦੀ ਵਾਰ ਦਾ ਪਾਠ ਕਰਨਾ ਲਾਭਦਾਇਕ ਨਹੀਂ ਹੈ ।

ਨੋਟ : -- ਹੋਰ ਪਾਠ ਭਾਵੇਂ ਅਗੇ ਪਿਛੇ ਹੋ ਜਾਣ ਪਰ ਚੰਡੀ ਦੀ ਵਾਰ ਦਾ ਪਾਠ ਦਾ ਸੂਰਜ ਦੀ ਟਿੱਕੀ ਨਾਲ ਭੋਗ ਪਾ ਦੇਣਾ ਜ਼ਰੂਰੀ ਹੈ । ਚੰਡੀ ਦੀ ਵਾਰ ਦਾ ਪਾਠ ਕਰਨ ਦਾ ਗੁਰੂ ਜੀ ਨੇ ਬਹੁਤ ਵੱਡਾ ਮਹਾਤਮ ਦੱਸਿਆ ਹੈ ।

੪. ੪. ਇਕ ਭਗਉਤੀ ਦੀ ਮਾਲਾ ਕਰਨੀ ਫੇਰਨੀ । ਨਹੀਂ ਤਾਂ ਘਟ ਤੋਂ ਘਟ ੪੦ ਪਾਠ ਭਗਉਤੀਆਂ ਦੇ ।

੫. ੨੪ ਘੰਟਿਆਂ ਵਿਚ ਕਰਨੇ ਜ਼ਰੂਰੀ ਹਨ ।

ਪ੍ਰਸ਼ਾਦਾ ਛਕਣ ਸਮੇਂ

੧. ਸਿਰ ਢੱਕ ਕੇ ਪ੍ਰਸ਼ਾਦਾ ਛਕਣਾ ਚਾਹੀਦਾ ਹੈ ।

੨. ਪ੍ਰਸ਼ਾਦ ਛਕਣ ਵਾਸਤੇ ਕੀਤਾ ਹੋਇਆ ਇਸ਼ਨਾਨ ਤਾਂ ਹੀ ਸਫਲ ਹੈ ਜੇ ਕੀਤੇ ਹੋਏ ਇਸ਼ਨਾਨ ਤੋਂ ਬਾਅਦ ਤਤਪਰ ਹੀ ਪ੍ਰਸ਼ਾਦਾ ਛਕ ਲਿਆ ਜਾਵੇ । ਪ੍ਰਸ਼ਾਦਾ ਛਕਣ ਵਾਲਾ ਪ੍ਰਾਣੀ ਕਿਸੇ ਨਾਲ ਨਾ ਛੋਹੇ ਜਾਂ ਹੋਰ ਕਿਸੇ ਕੰਮ ਵਿਚ ਸਮਾਂ ਨਾ ਬਿਤੀਤ ਕਰੇ ।

ਪੇਸ਼ਾਬ ਕਰਨ ਸਮੇਂ

੧. ਨੰਗੇ ਸਿਰ ਕਦੀ ਵੀ ਪੇਸ਼ਾਬ ਨਹੀਂ ਕਰਨਾ ਚਾਹੀਦਾ ।

੨. ਪੇਸ਼ਾਬ ਕਰਨ ਤੋਂ ਬਾਅਦ ਸੁੱਚਾ ਪਾਣੀ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ । ਜੇਕਰ ਸੋਧੀ ਸਿੰਘ ਹੋਵੇ ਤਾਂ ਸੋਧ ਦਾ ਜਲ ਵਰਤਣਾ ਚਾਹੀਦਾ ਹੈ । ਅਤੇ ਜਲ ਵਾਲੇ ਬਰਤਨ ਨੂੰ ਮਾਂਜ ਕੇ / ਸੁਚੇ ਜਲ ਨਾਲ ਧੋ ਕੇ ਫਿਰ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ । ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਹੈ ਕਿ ਹਰ ਇਕ ਨਾਮਧਾਰੀ ਕੋਲ ਹਮੇਸ਼ਾਂ ਹੀ ਜਲ ਦੀ ਸ਼ੀਸ਼ੀ ਹੋਣੀ ਚਾਹੀਦੀ ਹੇ ।
੩. ਪੇਸ਼ਾਬ ਕਰਨ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਸ਼ਾਬ ਦੀਆਂ ਬੂੰਦਾਂ ਤੁਹਾਡੇ ਕਪੜਿਆਂ ਜਾਂ ਸਰੀਰ ਦੇ ਕਿਸੇ ਅੰਗ ਤੇ ਨਾਂ ਪੈ ਜਾਣ ।
੪. ਪੇਸ਼ਾਬ ਕਰਕੇ ਹੱਥ ਧੋਣੇ ਚਾਹੀਦੇ ਹਨ । ਜੇ ਪੇਸ਼ਾਬ ਦੀਆਂ ਬੂੰਦਾਂ ਪੈਰਾਂ ਤੇ ਜਾਂ ਸਰੀਰ ਦੇ ਕਿਸੇ ਅੰਗ ਤੇ ਵੀ ਪੈ ਜਾਣ ਤਾਂ ਉਹ ਸਰੀਰ ਦੇ ਅੰਗ ਜਲ ਨਾਲ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ ।
੫. ਫਿਰ ਜਲ ਨਾਲ ਕਰੂਲੀ / ਚੁਲਾ ਕਰਨਾ ਚਾਹੀਦਾ ਹੈ । ਪੇਸ਼ਾਬ ਕਰਨ ਤੋਂ ਲੈ ਕੇ ਚੁਲਾ ਕਰਨ ਤਕ ਸਿਰ ਢਕਿਆ ਹੋਣਾ ਚਾਹੀਦਾ ਹੈ ।

ਕੇਸਾਂ ਦੀ ਸੰਭਾਲ

੧. ਕੇਸ ਕਿਸੇ ਪਰਦੇ ਵਾਲੀ ਜਗ੍ਹਾ ਤੇ ਜਾ ਕੇ ਨੰਗੇ ਕਰਕੇ ਸੁਕਾਉਣੇ ਚਾਹੀਦੇ ਹਨ ।
੨. ਸਾਧ ਸੰਗਤ ਵਿਚ ਜਾਂ ਸਭਾ ਸੁਸਾਇਟੀ ਵਿਚ ਕਦੇ ਵੀ ਕੇਸ ਨਹੀਂ ਸੁਕਾਉਣੇ ਚਾਹੀਦੇ ।
੩. ਕੇਸ ਸੁਕ ਜਾਣ ਤੇ ਕੰਘੀ ਕਰ ਕੇ ਸਾਫ ਜਾਂ ਸੁੱਚੇ ਕਪੜੇ ਨਾਲ ਢੱਕ ਕੇ ਰਖਣੇ ਚਾਹੀਦੇ ਹਨ । ਜਾਂ ਫਿਰ ਦਸਤਾਰ ਸਜਾ ਲੈਣੀ ਚਾਹੀਦੀ ਹੈ ।

ਪੰਜ ਕੱਕਾਰ

੧. ਕੇਸ : ਕੇਸਾਂ ਵਿਚ ਦੋ ਵੇਲੇ ਕੰਘੀ ਕਰਨ / ਕੰਘਾ ਫੇਰਨ ਦਾ ਹੁਕਮ ਹੈ ਤੇ ਇਸ ਨਾਲ ਕੇਸ ਸਾਫ ਸੁਥਰੇ ਰਹਿੰਦੇ ਹਨ ।
੨. ਕਿਰਪਾਨ : ਇਹ ਕਿਰਪਾਨ ਛੋਟੇ ਰੂਪ ਵਿਚ ਕੰਘੇ ਤੇ ਤਾਰ ਨਾਲ ਬੰਨੀ ਹੋਣੀ ਚਾਹੀਦੀ ਹੈ ।
੩. ਕੰਘਾ : ਕੰਘਾ ਹਰ ਵਕਤ ਕੇਸਾਂ ਵਿਚ ਹੋਣਾ ਲਾਜ਼ਮੀ ਹੈ ।
੪. ਕੜਾ : ਕੜਾ ਸੱਜੇ ਹੱਥ ਵਿਚ ਪਹਿਨਣਾ ਚਾਹੀਦਾ ਹੈ ਅਤੇ ਲੋਹੇ ਦਾ ਹੋਣਾ ਚਾਹੀਦਾ ਹੈ ।
੫. ਕਛਹਿਰਾ : ਕਛਹਿਰਾ ਹਰ ਵਕਤ ਪਹਨਿਆ ਹੋਣਾ ਜ਼ਰੂਰੀ ਹੈ । ਕਛਹਿਰੇ ਦੇ ਪਾਉਂਚੇ ਗੋਡੇ ਤੋਂ
੬. ਸਿਰਫ ਤਿੰਨ ਉਂਗਲਾਂ ਉੱਚੇ ਹੋਣੇ ਚਾਹੀਦੇ ਹਨ । (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ
੭. ਕਿਸੇ ਵੇਲੇ ਜੇ ਕਛਹਿਰਾ ਗੋਡਿਆਂ ਤੋਂ ਥੱਲੇ ਲਹਿ ਜਾਵੇ ਤਾਂ ੫ ਪਾਠ ਜਪੁਜੀ ਦੇ ਕਰਨੇ ਚਾਹੀਦੇ ਹਨ ।

ਅੰਮ੍ਰਿਤ ਤਿਆਰ ਕਰਨ ਤੇ ਛਕਾਉਣ ਦੀ ਵਿਧੀ

੧. ਅੰਮ੍ਰਿਤ ਤਿਆਰ ਕਰਨ ਵਾਲੇ ਸਿੰਘ ਸੋਧੀ ਹੋਣ ਤਾਂ ਬਹੁਤ ਹੀ ਚੰਗਾ ਹੈ, ਨਹੀਂ ਪੰਜੇ ਸਿੰਘ ਸਣੇਂ ਕੇਸੀਂ ਇਸ਼ਨਾਨ ਕਰਕੇ, ਪੰਜ ਕੱਕਿਆਂ ਸਮੇਤ, ਸੱਜੇ ਤੋਂ ਖੱਬੇ ਪਾਸੇ ਕਮਰਕਸੇ ਕਰਕੇ, ਪੰਜ ਟਕੂਏ ਪੰਜੇ ਸਿੰਘ ਧਾਰਨ ਕਰਨ ।
੨. ਖੰਡਾ ਬਾਟਾ ਸੁੱਕ-ਮਾਂਜਨ ਕਰਕੇ, ਸੁੱਚੇ ਕਪੜੇ ਨਾਲ ਸੋਧ ਦਾ ਜਲ ਬਾਟੇ ਵਿਚ ਪਾਉਣ, ਤੇ ਫਿਰ ਪਤਾਸ਼ੇ ਜਾਂ ਗੁੜ ਜਾਂ ਮਿਸ਼ਰੀ ਬਾਟੇ ਵਿਚ ਪਾਉਣ ।

੩. ਅੰਮ੍ਰਿਤ ਤਿਆਰ ਕਰਨ ਦੀ ਅਰਦਾਸ ਕਰਕੇ ਚਾਰ ਸਿੰਘ ਨਾਮਧਾਰੀ ਗੁਟਕੇ ਤੋਂ ਇਸ ਤਰਾਂ ਗੁਰਬਾਣੀ ਪੜ੍ਹਨ, ਜਪ, ਜਾਪ, ਅਨੰਦ ਸਾਹਿਬ ਵੱਡਾ, ਸਵਯੈ ਪਾਤਸ਼ਾਹੀ ੧੦ ਅਤੇ ਚੌਪਈ ।
੪. ਇਕ ਸਿੰਘ ਚੌਂਕੀ ਉਪਰ ਰੱਖੇ ਹੋਏ ਸੁੱਚੇ ਕਪੜੇ ਉਤੇ ਰੱਖੇ ਹੋਏ ਬਾਟੇ ਵਿਚ ਸੱਜੇ ਹੱਥ ਨਾਲ ਖੰਡਾ ਫੇਰੇ ।(ਭਜਨ ਕਰਦਾ ਹੋਇਆ)
੫. ਗੁਰਬਾਣੀ ਪੜ੍ਹਨ ਵਾਲੇ ਤੇ ਖੰਡਾ ਫੇਰਨ ਵਾਲੇ ਸਿੰਘਾਂ ਨੂੰ ਬੀਰ ਆਸਣ ਲਾ ਕੇ ਬੈਠਣਾ ਚਾਹੀਦਾ ਹੈ ।
੬. ਸਭ ਤੋਂ ਪਹਿਲੇ ਪ੍ਰਾਣੀ ਨੂੰ ਅੰਮ੍ਰਿਤ ਵਾਲੇ ਚਿਮਚੇ ਜਾਂ ਖੰਡੇ ਨੂੰ ਰੁਮਾਲੀ ਨਾਲ ਫੜਕੇ ਛਕਾਉਣਾ ਚਾਹੀਦਾ ਹੈ । ਉਪਰੰਤ ਉਹ ਪਹਿਲਾ ਸਿੰਘ ਸਾਰਿਆਂ ਨੂੰ ਚੁਲੇ ਨਾਲ ਅੰਮ੍ਰਿਤ ਛਕਾ ਸਕਦਾ ਹੈ । ਅੰਮ੍ਰਿਤ ਛਕਣ ਵਾਲੇ ਸਿੰਘ ਦਾ ਸੱਜਾ ਹੱਥ ਖੱਬੇ ਹੱਥ ਦੇ ਉਪੱਰ ਹੋਣਾ ਚਾਹੀਦਾ ਹੈ । ਅੰਮ੍ਰਿਤ ਛਕਾਉਣ ਵਾਲਾ ਸਿੰਘ ਛਕਣ ਵਾਲੇ ਸਿੰਘ ਦੇ ਸੱਜੇ ਚੁਲੇ ਵਿਚ ਅੰਮ੍ਰਿਤ ਚੁਲੇ ਨਾਲ ਪਾਵੇ ਤੇ ਕਹੇ ਬੋਲ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ । ਛਕਣ ਵਾਲਾ ਸਿੰਘ ਚੁਲਾ ਅੰਮ੍ਰਿਤ ਛਕਕੇ ਆਖੇ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ ।

ਬੀਬੀਆਂ ਵਾਸਤੇ ਅੰਮ੍ਰਿਤ ਛਕਣ ਦੀ ਵਿਧੀ

੧. ਮਾਈਆਂ ਬੀਬੀਆਂ ਵਾਸਤੇ ਵੀ ਅੰਮ੍ਰਿਤ ਛਕਣ ਵੇਲੇ ਸਣੇ ਕੇਸੀਂ ਇਸ਼ਨਾਨ ਕੀਤਾ ਹੋਇਆ ਹੋਣਾ
੨. ਚਾਹੀਦਾ ਹੈ ਤੇ ਕਛਿਹਰੇ ਧਾਰਨ ਕਰਨੇ ਜ਼ਰੂਰੀ ਹਨ ।
੩. ਮਾਈਆਂ ਬੀਬੀਆਂ ਅੰਮ੍ਰਿਤ ਛਕਣ ਵੇਲੇ ਸਤਿ ਸ੍ਰੀ ਅਕਾਲ ਹੀ ਆਖਣ ।

ਕੜਾਹ ਪ੍ਰਸ਼ਾਦਿ

੧. ਕੜਾਹ ਪ੍ਰਸ਼ਾਦਿ ਸੋਧ ਦੀ ਮਰਿਯਾਦਾ ਨਾਲ ਤਿਆਰ ਕੀਤਾ ਹੋਇਆ ਹੀ ਭੋਗ ਦੇ ਲਈ ਪ੍ਰਵਾਨ ਹੈ । ਜੇ ਸੋਧ ਦਾ ਜਲ ਨਾ ਹੋਵੇ ਤਾਂ ਦੁੱਧ ਨਾਲ ਤਿਆਰ ਕੀਤਾ ਜਾ ਸਕਦਾ ਹੈ ।

੨. ਕੜਾਹ ਪ੍ਰਸ਼ਾਦ ਤਿਆਰ ਕਰਨ ਵਾਲਾ ਮੂੰਹ ਬੰਨ ਕੇ ਤਿਆਰ ਕਰਨਾ ਚਾਹੀਦਾ ਹੈ । ਜਦ ਤਕ ਪ੍ਰਸ਼ਾਦ ਤਿਆਰ ਨਾ ਹੋ ਜਾਵੇ, ਉਨਾ ਚਿਰ ਬੋਲਣਾ ਨਹੀਂ ਚਾਹੀਦਾ ।

੩. ਕੜਾਹ ਪ੍ਰਸ਼ਾਦਿ ਜਿਸ ਜਗ੍ਹਾ ਰੱਖਣਾ ਹੋਵੇ, ਉਹ ਜਗ੍ਹਾ ਜੇਕਰ ਪੱਕੀ ਹੋਵੇ ਤਾਂ ਧੋ ਕੇ ਚੌਂਕੀ ਨੂੰ ਵੀ ਧੋ ਕੇ ਫਿਰ ਉਸ ਉਪਰ ਪ੍ਰਸ਼ਾਦਿ ਰੱਖਣਾ ਚਾਹੀਦਾ ਹੈ ।

੪. ਕੜਾਹ ਪ੍ਰਸ਼ਾਦਿ ਜਦੋਂ ਸੰਗਤ ਵਿਚ ਲਿਆਂਦਾ ਜਾਵੇ ਤਾਂ ਸਭ ਨੂੰ ਸਤਿਕਾਰ ਵਜੋਂ ਉਠ ਖਲੋਣਾ ਚਾਹੀਦਾ ਹੈ । ਕੜਾਹ ਪ੍ਰਸ਼ਾਦਿ ਦਾ ਬਰਤਨ ਪ੍ਰਾਣੀ ਦੇ ਸਿਰ ਤੇ ਰੱਖਿਆ ਹੋਵੇ, ਤੇ ਦੂਸਰਾ ਪ੍ਰਾਣੀ ਅਗੇ ਅਗੇ ਰਸਤੇ ਵਿਚ ਸੁੱਚੇ ਜਲ ਦਾ ਛਿਟਾ ਦਿੰਦਾ ਜਾਵੇ ।

੫. ਇਕ ਕਾਰਜ ਲਈ ਭੋਗ ਲੁਆਇਆ ਹੋਇਆ ਪ੍ਰਸ਼ਾਦਿ ਦੂਸਰੇ ਕਾਰਜ ਵਾਸਤੇ ਫਿਰ ਦੁਵਾਰਾ ਨਹੀਂ ਲਵਾਉਣਾ ਚਾਹੀਦਾ ਹੈ । ਦੂਸਰੇ ਕਾਰਜ ਲਈ ਹੋਰ ਪ੍ਰਸ਼ਾਦਿ ਤਿਆਰ ਕਰਨਾ ਚਾਹੀਦਾ ਹੈ ।

੬. ਭੋਗ ਲਵਾਉਣ ਵਾਲਾ ਪ੍ਰਸ਼ਾਦਿ ਸੀਤ ਹੋਣਾ ਚਾਹੀਦਾ ਹੈ । ਗਰਮ ਪ੍ਰਸ਼ਾਦਿ ਨੂੰ ਭੋਗ ਨਹੀਂ ਲਵਾਉਣਾ ਚਾਹੀਦਾ ਹੈ ।

੭. ਕੜਾਹ ਪ੍ਰਸ਼ਾਦਿ ਨੂੰ ਭੋਗ ਲੁਆਉਣ ਲਗਿਆਂ ਜਲ ਦਾ ਗਲਾਸ ਜ਼ਰੂਰ ਰੱਖਣਾ ਚਾਹੀਦਾ ਹੈ ।

ਲੰਗਰ ਨੂੰ ਭੋਗ

੧. ਲੰਗਰ ਨੂੰ ਭੋਗ ਲੁਆਉਣ ਲਗਿਆਂ ਪ੍ਰਸ਼ਾਦੇ ਨਾਲ ਮੱਖਣ ਜਾਂ ਘਿਓ ਅਤੇ ਗੰਢਾ ਅਤੇ ਜਲ ਦਾ ਗਲਾਸ
੨. ਰੱਖਣਾ ਚਾਹੀਦਾ ਹੈ ।
੩. ਭੋਗ ਲਗੇ ਹੋਏ ਲੰਗਰ ਨੂੰ ਸਾਰੇ ਲੰਗਰ ਵਿਚ ਮਿਲਾ ਕੇ ਫਿਰ ਲੰਗਰ ਵਰਤਾਉਣਾ ਸ਼ੁਰੂ ਕਰਨਾ ਚਾਹੀਦਾ ਹੈ ।

ਵਰਨੀ ਕਰਨ ਸਮੇਂ

੧. ਸਾਰੇ ਸਿੰਘ ਸੋਧੀ ਹੋਣੇ ਚਾਹੀਦੇ ਹਨ, ਜੇ ਸੋਧੀ ਨਾ ਹੋਣ ਤਾਂ ਸਣੇ ਕੇਸੀਂ ਇਸ਼ਨਾਨ ਕਰ ਕੇ ਅੰਮ੍ਰਿਤ ਛੱਕ ਕੇ ਬੈਠ ਸਕਦੇ ਹਨ ।
੨. ਸੋਧੀ ਸਿੰਘ ਹੀ ਬਾਕੀ ਸਿੰਘਾਂ ਨੂੰ ਅੰਮ੍ਰਿਤ ਛਕਾਵੇ ।
੩. ਪੰਜ ਸਿੰਘ ਜਾਂ ਵੱਧ, ਤਿਆਰ ਹੋ ਜਾਣ ਤਾਂ ਵਰਨੀ ਦੀ ਅਰਦਾਸ ਕਰ ਕੇ ਵਰਨੀ ਆਰੰਭ ਕਰ ਸਕਦੇ ਹਨ । ਬਾਕੀ ਸਿੰਘਾਂ ਨੂੰ ਵਾਰੋ ਵਾਰੀ ਆਪੋ ਆਪਣੀ ਅਰਦਾਸ ਕਰ ਕੇ ਵਰਨੀ ਵਿਚ ਬੈਠਣਾ ਚਾਹੀਦਾ ਹੈ ।
੪. ਵਰਨੀ ਵਿਚ ਕੋਰਾ ਘੜਾ ਜਾਂ ਗੜਵਾ ਜਲ ਦਾ ਕੁੰਭ ਵਾਸਤੇ ਜ਼ਰੂਰ ਰੱਖਣਾ ਚਾਹੀਦਾ ਹੈ ।
੫. ਵਰਨੀ ਵਾਸਤੇ ਇਕ ਨਾਰੀਅਲ, ਸੁੱਚਾ ਕਪੜਾ ਅਤੇ ੨੭੦੦ ਦਾਣੇ (ਕਾਲੇ ਜਾਂ ਚਿੱਟੇ ਚਨੇ) ਗਿਣੇ ਹੋਣੇ ਚਾਹੀਦੇ ਹਨ ।
੬. ਵਰਨੀ ਵਿਚ ਘਿਉ ਦੀ ਜੋਤ ਨਿਰੰਤਰ ਜਗਦੀ ਰਹਿਣੀ ਚਾਹੀਦੀ ਹੈ।
੭. ਵਰਨੀ ਵਿਚ ਭਖਦੇ ਹੋਏ ਕੋਲਿਆਂ ਤੇ ਹਵਨ ਵਾਲੀ ਸਮੱਗਰੀ ਥੋੜੀ ਥੋੜੀ ਪਾਉਂਦੇ ਰਹਿਣਾ ਚਾਹੀਦਾ ਹੈ । ਆਰੰਭ ਦੀ ਅਰਦਾਸ ਤੋਂ ਪਹਿਲਾਂ ਉਪੱਰ ਲਿਖੀ ਹੋਈ ਤਿਆਰੀ ਹੋਣੀ ਚਾਹੀਦੀ ਹੈ ।

੮. ਵਰਨੀ ਦੀ ਆਰੰਭ ਦੀ ਅਰਦਾਸ ਤੋਂ ਸਮਾਪਤੀ ਦੀ ਅਰਦਾਸ ਤਕ ਕੜਾਹ ਪ੍ਰਸ਼ਾਦਿ ਲਿਆਉਣ ਵਾਲਿਆਂ ਤੋਂ ਬਗੈਰ ਕੋਈ ਨਾ ਅੰਦਰ ਆਵੇ ਨਾ ਜਾਵੇ ।

੯. ਪ੍ਰਸ਼ਾਦਿ ਉਦੋਂ ਲਿਆਉਣਾ ਚਾਹੀਦਾ ਹੈ ਜਦੋਂ ਵਰਨੀ ਦਾ ਭੋਗ ਪੈਣ ਵਾਲਾ ਹੋਵੇ ।

ਹਵਨ ਕਰਨ ਦੀ ਵਿਧੀ

੧. ਹਵਨ ਕਰਨ ਵਾਲੀ ਜਗ੍ਹਾ ਲਿੰਬ ਪੋਚ ਲੈਣੀ ਚਾਹੀਦੀ ਹੈ । ਜੇ ਪੱਕੀ ਜਗ੍ਹਾ ਹੋਵੇ ਤਾਂ ਸੋਧ ਦੇ ਪਾਣੀ ਨਾਲ ਸਾਫ ਕਰ ਲੈਣੀ ਚਾਹੀਦੀ ਹੈ । ਧਿਆਨ ਰੱਖਿਆ ਜਾਵੇ ਕਿ ਕੀੜੀ ਜਾਂ ਕੋਈ ਵੀ ਛੋਟਾ ਜਿਹਾ ਜਾਂ ਵੱਡਾ, ਕਿਸੇ ਵੀ ਕਿਸਮ ਦਾ ਜੀਵ ਹਵਨ ਵਿਚ ਨਾ ਪਵੇ ।

੨. ਹਵਨ ਵਿਚ ਲਕੜਾਂ ਬੇਰੀ ਜਾਂ ਪਲਾਹ ਦੀਆਂ ਹੀ ਪਾਉਣੀਆਂ ਚਾਹੀਦੀਆਂ ਹਨ ।

੩. ਹਵਨ ਦੀ ਅੱਗ ਨੂੰ ਫੂਕ ਨਹੀਂ ਮਾਰਨੀ ਚਾਹੀਦੀ । ਪੱਖੇ ਨਾਲ ਜਾਂ ਹੋਰ ਕਿਸੇ ਸਾਧਨ ਨਾਲ ਅੱਗ ਪ੍ਰਜਵਲਤ ਕਰਨੀ ਚਾਹੀਦੀ ਹੈ।

੪. ਸੋਧ ਮਰਯਾਦਾ ਦੇ ਧਾਰਨੀ ੭ ਸਿੰਘਾਂ ਨੂੰ ਹੀ ਹਵਨ ਕਰਨਾ ਚਾਹੀਦਾ ਹੈ । ਜੇ ਨਾ ਹੋਣ ਤਾਂ ਸਣੇ ਕੇਸੀਂ ਇਸ਼ਨਾਨ ਕਰਕੇ ਅੰਮ੍ਰਿਤ ਛਕ ਕੇ ਹਵਨ ਵਿਚ ਹਿਸਾ ਲੈ ਸਕਦੇ ਹਨ ।

੫. ਜਦੋਂ ਸੋਧ ਦਾ ਇਸ਼ਨਾਨ ਕੀਤਾ ਹੋਇਆ ਹੋਵੇ ਤਾਂ ਸੋਧ ਦੀਆਂ ਚਾਦਰਾਂ ਤੇ ਬੈਠਣ ਲਗਿਆਂ ਚਰਨ ਧੋ ਕੇ ਬੈਠਣਾ ਚਾਹੀਦਾ ਹੈ । ਖਾਸ ਧਿਆਨ ਰਖਿਆ ਜਾਵੇ, ਪੋਥੀਆਂ ਨੂੰ ਲੱਗਣ ਵਾਲੇ ਹੱਥ ਜਾਂ ਬਿਨਾਂ ਸੋਧ ਵਾਲੇ ਹੱਥ ਸਰੀਰ ਦੇ ਕਿਸੇ ਅੰਗ ਨੂੰ ਨਾ ਲਗ ਜਾਣ ।

੬. ੫ ਸਿੰਘਾਂ ਨੂੰ ਹਵਨ ਕਰਨ ਲਗਿਆਂ ਨਾਮਧਾਰੀ ਗੁਟਕਿਆਂ ਜਾਂ ਪੋਥੀਆਂ ਤੋਂ ਚੌਪਈ, ਜਪੁ, ਜਾਪ, ਚੰਡੀ ਦੀ ਵਾਰ, ਚੰਡੀ ਚਰਿਤਰ, ਉਗਰਦੰਤੀ ਅਤੇ ਅਕਾਲ ਉਸਤਤ ਬਾਣੀਆਂ ਪੜਨੀਆਂ ਚਾਹੀਦੀਆਂ ਹਨ ।

੭. ਛੇਵਾਂ ਸਿੰਘ ਆਹੁਤੀਆਂ ਪਾਵੇ ਤੇ ਸਤਵਾਂ ਸਿੰਘ ਮਗਰੋਂ ਨਾਲ ਹੀ ਜਲ ਦਾ ਛਿਟਾ ਦੇਵੇ । ਜਲ ਸੋਧ ਦਾ ਹੋਵੇ ਤਾਂ ਬਹੁਤ ਹੀ ਬੇਹਤਰ ਹੈ । ਕੋਲ ਹੀ ਅਠਵਾਂ ਸਿੰਘ ਤਿਆਰ ਬਰ ਤਿਆਰ, ਪਹਿਰੂਆ ਹੋਵੇ ।

੮. ਹਵਨ ਵਾਸਤੇ ਇਕ ਲਲੇਰ / ਨਾਰੀਅਲ (ਬਿਨਾਂ ਪਾਣੀ ਤੋਂ), ਸਮੱਗਰੀ, ਘਿਓ ਤੇ ਸੁੱਚਾ ਕਪੜਾ ਹੋਣੇ ਜ਼ਰੂਰੀ ਹਨ ।

੯. ਬਾਣੀਆਂ ਪੜਨ ਤੋਂ ਪਹਿਲਾਂ ਹਵਨ ਦੇ ਆਰੰਭ ਦੀ ਅਰਦਾਸ ਤੇ ਬਾਣੀਆਂ ਪੜਨ ਤੋਂ ਬਾਅਦ ਸਮਾਪਤੀ ਦੀ ਅਰਦਾਸ ਕਰਨੀ । ਜੇ ਕੋਈ ਸਿੰਘ ਬਾਣੀ ਪੜਨੀ ਦੂਸਰੇ ਸਿੰਘ ਤੋਂ ਪਹਿਲਾਂ ਸਮਾਪਤ ਕਰ ਲੈਂਦਾ ਹੈ ਤਾਂ ਉਹ ਸਿੰਘ ਭਜਨ ਕਰਨਾ ਸ਼ੁਰੂ ਕਰ ਦੇਵੇ । ਪਾਠੀ ਸਿੰਘ ਆਪਸ ਵਿਚ ਜਾਂ ਕਿਸੇ ਹੋਰ ਨਾਲ ਕੋਈ ਵੀ ਬਚਨ ਸਮਾਪਤੀ ਦੀ ਅਰਦਾਸ ਤੋਂ ਬਾਅਦ ਕਰਨ ।